ਮੰਮੀ ਪਾਪਾ ਦਾਦਾ

ਦਾਦੀ

ਪੜਦਾਦਾ ਪੜਦਾਦੀ



# ਦਾਦੀ ਦੀ ਬਾਤ

ਲੇਖਕ ਸੁੱਖ ਸਿੰਘ ਸੱਟ

ਪੁਲ
www.PunjabiLibrary.com

ਲੇਖਕ ਸੁੱਖ ਸਿੰਘ ਮੱਟ

ਇਹ ਰਚਨਾ ਕਾਲਪਨਿਕ ਹੈ। ਇਹ ਰਚਨਾ ਇੱਕ ਬੁਜ਼ੁਰਗ ਔਰਤ ਦੀ ਤਸਵੀਰ ਨੂੰ ਦੇਖਕੇ ਮੇਰੇ ਮਨ ਵਿੱਚ ਪ੍ਰਗਟ ਹੋਈ ਸੀ ਅਤੇ ਕੁੱਝ ਗੱਲਾਂ ਮੈਂ ਆਪਣੇ ਆਲੇ-ਦੁਆਲੇ ਦੀਆਂ ਲਿਖੀਆਂ ਹਨ।

ਇਹ ਤਸਵੀਰ ਨੂੰ ਮੈਂ ਆਪਣੀ ਇਸ ਕਿਤਾਬ ਦੇ ਪੋਸਟਰ ਲਈ ਵੀ ਵਰਤਿਆ ਹੈ

ਇਹ ਤਸਵੀਰ ਮੈਨੂੰ ਨੈਟ ਤੇ ਮਿਲੀ ਸੀ। ਮੈ ਬੜੇ ਧਿਆਨ ਨਾਲ ਇਸ ਤਸਵੀਰ ਨੂੰ ਦੇਖਿਆ ਤਾਂ ਇਸ ਤਸਵੀਰ ਨੇ ਮੈਨੂੰ ਇਹ ਰਚਨਾ ਲਿਖਣ ਲਈ ਪ੍ਰਭਾਵਿਤ ਕਰ ਦਿੱਤਾ। ਇਸ ਤਸਵੀਰ ਉਤੇ ਕੋਈ ਅਜਿਹਾ ਨਿਸ਼ਾਨ ਨਹੀਂ ਹੈ ਜੋ ਇਸ ਰਚਨਾ ਵਿਚ ਲਿਖਿਆ ਗਿਆ ਹੈ। ਸਿਰਫ ਬਜ਼ੁਰਗ ਔਰਤ ਦੀ ਤਸਵੀਰ ਜਾਂ ਰਚਨਾਵਾਂ ਜਿਹਨਾਂ ਬਾਰੇ ਹੈ ਉਹ ਹੀ ਹੈ। ਇਹ ਬਜ਼ੁਰਗ ਆਪਣੇ ਪੋਤੇ ਨੂੰ ਇੱਕ ਅਜਿਹੀ ਘਟਨਾ ਦੱਸਦੀ ਹੈ ਜੋ ਕਿ ਸਿਰਫ ਕਹਾਣੀ ਹੈ। ਤੁਸੀਂ ਵੀ ਸੋਚੋਗੇ ਕਿ ਤਸਵੀਰ ਨੂੰ ਦੇਖਕੇ ਕਿਵੇਂ ਕੋਈ ਲਿਖ ਸਕਦਾ ਹੈ । ਹਰ ਚੀਜ਼ ਨੂੰ ਪੜਿਆ ਜਾਂਦਾ ਹੈ ।ਹਰ ਚੀਜ਼ ਕੁਝ ਨਾ ਕੁਝ ਕਹਿਣਾ ਚਾਹੁੰਦੀ ਹੈ। ਮੈਂ ਹਰ ਚੀਜ਼ ਨੂੰ ਪੜਨਾ ਤਾਂ ਨਹੀਂ ਸਿਖਿਆ ਪਰ ਕਈ ਚੀਜ਼ਾਂ ਬਹੁਤ ਹਾਵੀ ਹੋ ਜਾਂਦੀਆਂ ਹਨ।

ਜੋ ਕੋਈ ਵੀ ਕੁੱਝ ਲਿਖਦਾ ਹੈ ਉਸਦਾ ਲਿਖਣ ਦਾ ਤਰੀਕਾ ਆਪਣਾ ਹੁੰਦਾ ਹੈ ਪਰ ਗੱਲਾਂ ਉਂਝ  ਆਪਣੇ ਆਲੇ ਦੁਆਲੇ ਦੀਆਂ ਹੀ ਹੁੰਦੀਆਂ ਹਨ।

ਮੇਰੇ ਸਾਹਮਣੇ ਇਹ ਅਨੋਖੀਆਂ ਗੱਲਾ ਪ੍ਰਗਟ ਹੋਈਆ। ਜਿਸ ਨੂੰ ਮੈਂ ਤੁਹਾਡੇ ਸਾਹਮਣੇ ਲੈਕੇ ਆਉਣ ਦਾ ਯਤਨ ਕੀਤਾ ਹੈ। ਮੈਨੂੰ ਉਮੀਦ ਹੈ ਤੁਸੀ ਮੇਰੀਆਂ ਪਹਿਲੀਆਂ ਰਚਨਾਵਾ  ਵਾਂਗੂੰ  ਇਸ ਕਿਤਾਬ ਨੂੰ  ਵੀ ਪਹਿਲਾਂ ਵਾਂਗ ਪਿਆਰ ਦੇਵੋਗੇ।

ਇਸ ਵਿੱਚ ਮੈਂ ਇਸ ਤਰਾਂ ਦਾ ਕੁੱਝ ਲਿਖਿਆਂ ਹੈ ਕਿ ਇੱਕ ਛੋਟਾ ਜਿਹਾ ਬੱਚਾ ਛੋਟੇ ਹੁੰਦੇ  ਚੰਨ ਤਾਰੇ ਆਸਮਾਨੀ ਬਿਜਲੀ ਨੂੰ ਵੇਖਕੇ ਆਪਣੀ ਦਾਦੀ ਤੋਂ ਕੁੱਝ ਪੁੱਛਦਾ ਹੈ ਜੋ ਉਸ ਬੱਚੇ ਨੂੰ ਸੋਹਣੇ ਰੂਪ ਵਿਚ ਪ੍ਰਤੀਕ ਹੁੰਦੇ ਦਿਸਦੇ  ਹਨ ।ਇਸ ਆਸਮਾਨੀ ਬਿਜਲੀ ਵਿੱਚ ਇੱਕ ਰਾਜ ਹੁੰਦਾ ਹੈ । ਜਿਸਦਾ ਸਬੰਧ ਕਹਾਣੀ ਨਾਲ ਬਣਦਾ ਹੈ।

ਪਰ ਦਾਦੀ ਉਸ ਬੱਚੇ ਦੀ ਨਿੱਕੀ ਉਮਰ ਕਰਕੇ ਉਸਨੂੰ ਕੁੱਝ ਦੱਸਣਾ ਨਹੀਂ ਚਾਹੁੰਦੀ ਤੇ ਜਦੋਂ ਉਹ ਬੱਚਾ ਵੱਡਾ ਹੁੰਦਾ ਹੈ ਤਾਂ ਉਹ ਗੱਲਾਂ ਉਦੋਂ ਉਸਦੀ ਜ਼ਿੰਦਗੀ ਵਿਚ ਦਾਦੀ ਦੁਆਰਾ ਸਾਹਮਣੇ ਆਉਂਦੀਆਂ ਹਨ।ਇਸ ਕਹਾਣੀ ਨੂੰ ਬਹੁਤ ਸੋਹਣੇ ਤਰੀਕੇ ਨਾਲ ਦਰਸਾਇਆ ਗਿਆ ਹੈ। ਉਮੀਦ ਕਰਦਾ ਜਿੰਨੇ ਸੋਹਣੇ ਤਰੀਕੇ ਨਾਲ ਹੈ ਕਹਾਣੀ ਲਿਖੀ ਗਈ ਹੈ। ਉਹਨੇ ਹੀ ਸੋਹਣੇ ਤੁਹਾਡੇ ਜਵਾਬ ਹੋਣਗੇ ।

ਮੂਰਨਮਾਸੀ ਦੀ ਰਾਤ ਸੀ ਗਰਮੀ ਵੀ ਬਹੁਤ ਸੀ ਜੁਲਾਈ ਦਾ ਮਹੀਨਾ ਸੀ ਲਾਈਟ ਵੀ ਗਈ ਹੋਈ ਸੀ ਤਕਰੀਬਨ ਰਾਤ ਦੇ ਅੱਠ ਵਜੇ ਹੋਏ ਸੀ ।ਘਰ ਵਿੱਚ

ਸਿਰਫ ਮੈਂ ਤੇ ਦਾਦੀ ਰਹਿੰਦੇ ਸੀ । ਮੈਂ ਤੇ ਦਾਦੀ ਵੇਹੜੇ ਵਿੱਚ ਮੰਜੀ ਡਾਅ ਕੇ ਪਏ ਹੋਏ ਸੀ । ਅਚਾਨਕ ਠੰਡੀ ਠੰਡੀ ਹਵਾ ਵੱਗਣ ਪਿੱਛੋਂ ਬਦਲ ਆ ਗਏ । ਛੋਟੀਆ ਛੋਟੀਆ ਕਣੀਆਂ ਦੀ ਬੂਰ ਪੈਣ ਲੱਗ ਪਈ ।

ਦਾਦੀ ਨੇ ਫਟਾ ਫੱਟ ਮੈਨੂੰ ਅੰਦਰ ਛੱਡਿਆ ਤੇ ਵੇਹੜੇ ਵਿਚੋ ਮੰਜੀ ਚੁੱਕ ਕੇ ਅੰਦਰ ਢਾਅ ਲਈ ।ਮੈਂ ਖਿੜਕੀ ਵਿੱਚੋਂ ਦੇਖ ਰਿਹਾ ਸੀ ਆਸਮਾਨ ਤੇ ਬਿਜਲੀ ਲਿਸ਼ਕਣ ਲੱਗੀ ਜੋ ਮੈਨੂੰ ਬਹੁਤ ਸੋਹਣੀ ਲੱਗ ਰਹੀ ਸੀ ।ਮੈਂ ਭੱਜਕੇ ਬਾਹਰ ਆ ਗਿਆ ਦਾਦੀ ਭੱਜਦੀ ਹੋਈ ਮੈਨੂੰ ਗੋਦੀ ਵਿੱਚ ਚੁੱਕ ਕੇ ਫੇਰ ਅੰਦਰ ਲੈ ਗਈ ਤੇ ਮੈਨੂੰ ਆਖਣ ਲੱਗੀ ਬਾਹਰ ਨਹੀਂ ਜਾਣਾ ਪੁੱਤ ਤੇ ਮੈਨੂੰ ਬੁੱਕਲ ਵਿੱਚ ਲਾ ਕੇ ਦਰਵਾਜ਼ਾ ਖਿੜਕੀ ਬੰਦ ਕਰਕੇ ਅੰਦਰ ਪੈ ਗਈ। ਮੈ ਦਾਦੀ ਨਾਲ ਗੱਲਾਂ ਕਰਦਾ ਹੋਇਆ ਕਹਿ ਰੇਹਾ ਸੀ ਦਾਦੀ ਜੀ ਚੰਨ ਕਿੰਨਾ ਸੋਹਣਾ ਜਾਪਦਾ ਸੀ ਗੋਲ ਗੋਲ ਇਸਦੇ ਆਲੇ ਦੁਆਲੇ ਤਾਰੇ ਟਿਮ ਟਮਾਉਦੇ ਕਿੰਨੇ ਸੋਹਣੇ ਲੱਗ ਰਹੇ ਸੀ ਤੇ ਹੁਣ ਬਦਲਾ ਦੇ ਓਹਲੇ ਵੀ ਹੋ ਗਏ ਇਹ ਕਿਥੇ ਚਲੇ ਜਾਂਦੇ ਨੇ ਜਦੋਂ ਬੱਦਲ ਆਉਂਦੇ ਹਨ ਤੇ ਇਹ ਜੋ ਕਰੰਟ ਜਾ ਨਿਕਲਦਾ ਬੱਦਲਾਂ ਚੋ ਕਿੰਨਾ ਸੋਹਣਾ ਲੱਗਦਾ ਹੈ। ਇਹ ਰੱਬ ਨੇ ਕਿੰਨੀ ਸੋਹਣੀ ਚੀਜ਼ ਬਣਾਈ ਹੈ। ਹੋਰ ਵੀ ਬਹੁਤ ਕੁੱਝ ਸੋਹਣਾ ਹੋਣਾ ਦੁਨੀਆਂ ਤੇ ਅਤੇ ਆਸਮਾਨ ਤੇ ਹਣਾ ਦਾਦੀ ਜੀ।

ਦਾਦੀ ਜੀ : ਹਾਂ ਪੁੱਤ ਰੱਬ ਨੇ ਬਹੁਤ ਕੁੱਝ ਸੋਹਣਾ ਵੀ ਬਣਾਇਆਂ ਹੈ ਤੇ ਬਹੁਤ ਕੁੱਝ ਬੁਰਾ ਵੀ ।

ਮੈਂ : ਮੈਂ ਦਾਦੀ ਵੱਲ ਵੇਖਕੇ ਪੁੱਛਿਆ ਬੁਰਾ ਕੀ ਹੈ ਦਾਦੀ ਦੁਨੀਆਂ ਤੇ ਮੈਨੂੰ ਤਾਂ ਦਿਸਿਆ ਨਹੀ ਕਿਤੇ ?

ਦਾਦੀ : ਪੁੱਤ ਤੂੰ ਅਜੇ ਬਹੁਤ ਛੋਟਾ ਏ ਜਦੋਂ ਤੂੰ ਵੱਡਾ ਹੋਵੇਗਾ ਤੈਨੂੰ ਚੰਗਾ ਬੁਰਾ ਆਪਣੇ ਆਪ ਪਤਾ ਲੱਗ ਜਾਊਗਾ।

ਮੈ : ਨਹੀਂ ਦਾਦੀ ਤੂੰ ਦੱਸ ਮੈਨੂੰ, ਬੁਰਾ ਕੀ ਹੈ , ਸੋਹਣਾ ਤਾਂ ਮੈਂ ਵੇਖ ਲਿਆ , ਚੰਨ ਤੇ ਤਾਰੇ ਉਹ ਰੱਬ ਵਾਲਾ ਕਰੰਟ ਬਹੁਤ ਸੋਹਣੇ ਨੇ ਹੁਣ ਮੈਨੂੰ ਏ ਦੱਸ ਬੁਰਾ ਕੀ ਹੈ। ਮੈਂ ਉਹ ਵੀ ਵੇਖਣਾ ਹੈ । ਮੈਂ ਉਹੀ ਬੱਚਿਆਂ ਵਾਲੀਆਂ ਗੱਲਾਂ ਕਰ ਰਿਹਾ ਸੀ।

ਦਾਦੀ ਜੀ : ਪੁੱਤ ਦੁਨੀਆਂ ਤੇ ਬਹੁਤ ਕੁੱਝ ਸੋਹਣਾ ਬੁਰਾ ਹੈ ਕੁੱਝ ਗੱਲਾਂ ਇਹੋ ਜਿਹੀਆਂ ਹੁੰਦੀਆਂ ਨੇ ਜਿਸ ਵਿੱਚ ਆਪਾਂ ਸੋਹਣਾ ਜਾ ਬੁਰਾ ਦੇਖ ਨਹੀਂ ਸਕਦੇ। ਕਈ ਵਾਰ ਰੱਬ ਅਜਿਹੀਆਂ ਖੇਡਾਂ ਖੇਡਦਾ ਹੈ ਉਹ ਗੱਲਾਂ ਜ਼ਿੰਦਗੀ ਵਿਚ ਵਾਰ ਵਾਰ ਪ੍ਰੇਸ਼ਾਨ ਕਰਦੀਆਂ ਰਹਿੰਦੀਆਂ ਹਨ ਤੇ ਜਿਸਦਾ ਦੁੱਖ ਮਹਿਸੂਸ ਹੁੰਦਾ ਹੈ ।

ਮੈਂ ਸੋਚਣ ਲੱਗਾ ਇਹੋ ਜਿਹੀਆਂ ਹੋਰ ਕੀ ਚੀਜ਼ਾਂ ਨੇ ਜੋ ਸੋਹਣੀਆਂ ਮਾੜੀਆਂ ਹੁੰਦੀਆਂ ਹਨ ਤੇ ਜੋ ਵੇਖੀਆਂ ਵੀ ਨਹੀਂ ਜਾਂ ਸਕਦੀਆਂ ।ਮੈਂ ਹੋਰ ਵੀ ਅੜੀ ਕਰਨ ਲੱਗਾ ਕਿ ਮੈਨੂੰ ਦੱਸ ਤੂੰ ਦਾਦੀ ਮੈਂ ਵੀ ਮਹਿਸੂਸ ਕਰਨੀਆਂ ਨੇ।

ਦਾਦੀ ਜੀ : ਪੁੱਤ ਦੁੱਖ , ਦਰਦ ਆਪਣੇ ਜੀਆ ਨੂੰ ਗਵਾਉਣਾ ਕੁੱਝ ਅਜਿਹੀਆਂ ਗੱਲਾਂ ਨੇ ਜਿਹਨਾਂ ਨੂੰ ਮਹਿਸੂਸ ਕੀਤਾ ਜਾਂਦਾ ਹੈ। ਪੁੱਤ ਕਿਸੇ ਟਾਇਮ ਮੈਂ ਉਹ ਸਭ ਵੇਲਾ ਆਪਣੀ ਅੱਖੀਂ ਵੇਖਿਆ ਹੈ ਪਰ ਹੁਣ ਤੈਨੂੰ ਵਿਖਾਂ ਤਾਂ ਨਹੀਂ ਸਕਦੀ । ਤੈਨੂੰ ਮੇਰੀ ਇਹ ਗੱਲ ਹੁਣ ਸਮਝ ਵੀ ਨਹੀਂ ਲੱਗਣੀ ਜਦੋਂ ਤੂੰ ਵੱਡਾ ਹੋਵੇਗਾ ਤਾਂ ਤੈਨੂੰ ਇਹ ਗੱਲਾਂ ਦੱਸ ਦੇਵਾਂਗੀ ਤੇ ਤੈਨੂੰ ਮਹਿਸੂਸ ਵੀ ਉਦੋਂ ਹੀ ਹੋਣਗੀਆਂ । ਇੱਕ ਆਖਰੀ ਗੱਲ ਦਾਦੀ ਨੇ ਮੈਨੂੰ ਇਹ ਕਹੀ ਜਦੋਂ ਤੈਨੂੰ ਸਮਝ ਆਉਣ ਲੱਗ ਪਈ ਤੈਨੂੰ ਇਹ ਗੱਲਾਂ ਆਪਣੇ ਆਪ ਮਹਿਸੂਸ ਹੋਣੀਆਂ ਸ਼ੂਰੂ ਹੋ ਜਾਣਗੀਆਂ ਤੇ ਤੂੰ ਫੇਰ ਇਹਨਾਂ ਬਾਰੇ ਆਪ ਹੀ ਪੁੱਛੇਗਾ ਮੈਨੂੰ।

ਮੈਂ : ਠੀਕ ਹੈ ਦਾਦੀ ਜੀ

ਇਹ ਕਹਿਕੇ ਮੈ ਦਾਦੀ ਨਾਲ ਗੱਲਾਂ ਵਿੱਚ ਲੱਗ ਗਿਆ ।ਉਸ ਵੇਲੇ ਮੇਰੀ ਉਮਰ ਵੀ ਬਹੁਤ ਘੱਟ ਸੀ । ਮੈਨੂੰ ਨਹੀ ਪਤਾ ਸੀ ਦਾਦੀ ਮੈਨੂੰ ਕਿਹੜੀਆਂ ਗੱਲਾਂ ਦੱਸਣੀਆਂ ਚਾਹੁੰਦੀ ਹੈ। ਤੇ ਹੁਣ ਕਿਉਂ ਨਹੀਂ ਦੱਸ ਰਹੀ । ਉਸ ਵੇਲੇ ਮੈਂ ਇਹ ਗੱਲਾਂ ਸੋਚ ਵੀ ਨਹੀਂ ਸਕਦਾ ਸੀ। ਇਹ ਗੱਲ ਸਵੇਰ ਤੱਕ ਮੇਰੇ ਦਿਮਾਗ ਵਿਚੋਂ ਵੀ ਨਿਕਲ ਕੇ ਸ਼ਾਇਦ ਉਥੇ ਹੀ ਚਲੀ ਗਈ ਸੀ ਜਿਥੇ ਇਹਨਾਂ ਗੱਲ ਦਾ ਜ਼ਿਕਰ ਹੋਣ ਦੀ ਉਮਰ ਹੁੰਦੀ ਹੈ ।

ਮੈਂ ਸਵੇਰੇ ਆਪਣਾ ਬਚਪਨ ਲੈਕੇ ਉਠਿਆ ਤਾਂ ਆਪਣੀਆਂ ਖੇਡਣ ਵਾਲੀਆਂ ਚੀਜ਼ਾਂ ਚੁੱਕ ਲਈਆ । ਜ਼ਿੰਦਗੀ ਵਿੱਚ ਬਚਪਨ ਦਾ ਹਰ ਪਲ ਸੋਹਣਾ ਲੱਗਦਾ ਸੀ ਮੈਨੂੰ ।

ਜਦੋਂ ਤੱਕ ਮੈਨੂੰ ਗੱਲਾਂ ਸਮਝਣ ਦਾ ਪਤਾ ਨਹੀਂ ਲੱਗਿਆਂ ਮੈਂ ਆਪਣੇ ਬਚਪਨ ਨੂੰ ਸੋਹਣੀਆਂ ਸੋਹਣੀਆਂ ਚੀਜ਼ਾਂ ਨਾਲ ਬਤਾਇਆ ਜਿਵੇਂ ਚੰਨ , ਤਾਰੇ , ਰੱਬ ਦਾ ਕਰੰਟ , ਜੰਗਨੂੰ , ਤਿਤਲੀਆਂ ,ਉਡਦੇ ਪੰਛੀ , ਚਿੜੀਆਂ, ਮਿੱਟੀ ਦਾ ਘਰ , ਖਿਡੋਣੇ , ਆਦਿ ਇਹ ਚੀਜ਼ਾਂ ਬਚਪਨ ਵਿਚ ਮੈਨੂੰ ਬਹੁਤ ਸੋਹਣੀਆਂ ਲੱਗਦੀਆਂ ਸੀ। ਜਿਹਨਾਂ ਨਾਲ ਮੈਂ ਆਪਣਾ ਬਚਪਨ ਦਾ ਸਮਾ ਲੰਘਾਇਆ । ਮੇਰੀ ਉਮਰ ਹੁਣ ਛੇ ਸਾਲ ਦੀ ਹੋ ਗਈ ਸੀ । ਮੈਂ ਸਕੂਲ ਜਾਂਦਾ ਹੁੰਦਾ ਸੀ । ਮੇਰੀ ਦਾਦੀ ਮੈਨੂੰ ਸਕੂਲ ਛੱਡਣ ਜਾਂਦੀ ਹੁੰਦੀ ਸੀ। ਸਕੂਲ ਵਿੱਚ ਲੱਗਿਆਂ ਨੂੰ ਮੈਨੂੰ ਦੋ ਸਾਲ ਹੋ ਗਏ ਸੀ ।ਮਤਲਬ ਮੇਰੀ ਉਮਰ 8 ਸਾਲ ਹੋ ਗਈ ।ਪਰ ਅਜੇ ਵੀ ਦਾਦੀ ਹੀ ਮੈਂਨੂੰ ਸਕੂਲ ਛੱਡਣ ਆਉਦੀ ਸੀ। ਮੈਂਨੂੰ ਮੇਰੀ ਕਲਾਸ ਵਾਲੇ ਪੁੱਛਦੇ ਸੀ ਤੇਰੇ ਮੰਮੀ ਪਾਪਾ ਨਹੀ ਛੱਡਣ ਆਉਂਦੇ ਤੈਨੂੰ , ਸਾਡੇ ਤਾਂ ਮੰਮੀ ਪਾਪਾ ਛੱਡਣ ਆਉਂਦੇ ਨੇ ,ਮੈ ਦਾਦੀ ਜੀ ਨੂੰ ਹੁਣ ਮੰਮੀ ਪਾਪਾ ਬਾਰੇ ਪੁੱਛਦਾ ਰਹਿੰਦਾ ਸੀ । ਦਾਦੀ ਮੰਮੀ ,ਪਾਪਾ ,ਦਾਦਾ ਕਿਥੇ ਨੇ ਮੇਰੇ । ਦਾਦੀ ਕੋਈ ਨਾ ਕੋਈ ਬਹਾਨਾ ਲਾ ਦਿੰਦੀ ਮੈਨੂੰ। ਇਸ ਤਰਾਂ ਦਾਦੀ ਨਾਲ ਹੱਸਦੇ ਖੇਡਦੇ ਮੇਰੀ ਉਮਰ ਨੇ ਉਸ ਉਮਰ ਵਿੱਚ ਪੈਰ ਧਰਨਾ ਸ਼ੂਰੁ ਕਰ ਦਿੱਤਾ ਜਦੋਂ ਬੱਚਾ ਹਰ ਗੱਲਾਂ ਦਾ ਨਤੀਜਾ ਜਾ ਮਹੋਲ ਸਮਝਣਾ ਮਹਿਸੂਸ ਕਰਨ ਲੱਗ ਪਏ।ਪਰ ਹੁਣ ਮੇਰੀ ਉਮਰ ਉਹ ਹੀ ਹੋ ਗਈ ਸੀ । ਮੈਂ ਆਪਣੇ ਮੰਮੀ ਪਾਪਾ ਦੀ ਕਮੀਂ ਨੂੰ ਜ਼ਿਆਦਾ ਮਹਿਸੂਸ ਕਰਨ ਲੱਗਾ ।

ਮੈਂ ਹੁਣ ਵੱਡਾ ਤਾਂ ਹੋ ਗਿਆ ਸੀ ਪਰ ਮੈਂ ਅਜੇ ਵੀ ਆਪਣੀ ਦਾਦੀ ਨਾਲ ਇੱਕੋ ਮੰਜੀ ਤੇ ਸੋਦਾ ਸੀ ਦਾਦੀ ਨੇ ਮੈਨੂੰ ਸ਼ੂਰੁ ਤੋਂ ਆਪਣੀ ਮਾਂ ਬਣਕੇ ਪਾਲਿਆ ਸੀ

।ਦਾਦੀ ਨੇ ਮੇਰੀ ਮੰਮੀ ਪਾਪਾ ਬਾਰੇ ਅੱਜ ਤੱਕ ਵੀ ਨਹੀਂ ਸੀ ਮੈਨੂੰ ਦੱਸਿਆ ਕੀ ਉਹ ਕਿਥੇ ਨੇ ਇੱਕ ਦਿਨ ਮੈਂ ਤੇ ਦਾਦੀ ਫੇਰ ਉਸੇ ਤਰਾਂ ਵੇਹੜੇ ਵਿੱਚ ਮੰਜੀ ਡਾਅ ਕੇ ਪਏ ਹੋਏ ਸੀ। ਅੱਜ ਮੈਂ ਦਾਦੀ ਨੂੰ ਇਹ ਕਿਹਾ ਕਿ ਦਾਦੀ ਮੈਨੂੰ ਮੰਮੀ ਪਾਪਾ ਤੋਂ ਬਿਨਾਂ ਇਹ ਦੁਨੀਆਂ ਸੋਹਣੀ ਨਹੀਂ ਲੱਗਦੀ।

ਦਾਦੀ ਨੇ ਕਿਹਾ ਪੁੱਤ ਅੱਜ ਤੋਂ ਅੱਠ ਕੁ ਸਾਲ ਪਹਿਲਾਂ ਜਦੋਂ ਤੇਰੀ ਉਮਰ 5 ਸਾਲ ਦੀ ਸੀ । ਆਪਾਂ ਦੋਵੇਂ ਇਸ ਮੰਜੀ ਤੇ ਐਵੇਂ ਹੀ ਪਏ ਸੀ। ਤੂੰ ਉਦੋਂ ਚੰਨ ਤਾਰਿਆਂ ਤੇ ਆਸਮਾਨੀ ਬਿਜਲੀ ਨੂੰ ਦੇਖਕੇ ਇਹ ਕਹਿੰਦਾ ਹੁੰਦਾ ਸੀ ਵੀ ਚੰਨ ਤਾਰੇ ਮੀਂਹ ਵਿੱਚ ਨਿਕਲਦਾ ਆ ਰੱਬ ਦਾ ਕਰੰਟ ਜਾ ਕਿੰਨੇ ਸੋਹਣੇ ਬਣਾਏ ਨੇ ਰੱਬ ਨੇ ਤੂੰ ਪੁੱਛਦਾ ਸੀ ਦੁਨੀਆਂ ਤੇ ਹੋਰ ਵੀ ਬਹੁਤ ਕੁੱਝ ਸੋਹਣਾ ਹੋਣਾ ਐ ਪੁੱਤ ਮੈਂ ਤੈਨੂੰ ਕਿਹਾ ਸੀ ਦੁਨੀਆਂ ਤੇ ਬਹੁਤ ਕੁੱਝ ਸੋਹਣਾ ਤੇ ਬਹੁਤ ਕੁੱਝ ਬੁਰਾ ਵੀ ਹੈ। ਤੂੰ ਜਿਦ ਕਰਦਾ ਹੁੰਦਾ ਸੀ ਮੈਂ ਵੀ ਬੁਰਾ ਵੇਖਣਾ ਹੈ। ਮੈਂ ਤੈਨੂੰ ਕਿਹਾ ਸੀ ਜਦੋਂ ਤੂੰ ਇਹ ਗੱਲਾਂ ਸਮਝਣ ਲੱਗ ਪਿਆ ਤੈਨੂੰ ਬੁਰੇ ਤੇ ਸੋਹਣੇ ਬਾਰੇ ਆਪਣੇ ਆਪ ਮਹਿਸੂਸ ਹੋਣ ਲੱਗ ਜਾਣਾ। ਹੁਣ ਉਹ ਵੇਲਾ ਆ ਗਿਆ ਪੁੱਤ ਤੇ ਤੂੰ ਹੁਣ ਆਪਣੇ ਮਾਂ ਪਿਓ ਦੀ ਕਮੀਂ ਮਹਿਸੂਸ ਕਰਨ ਲੱਗ ਪਿਆ। ਤੇ ਮੈ ਵੀ ਤੇਰੇ ਤੋਂ ਹੁਣ ਬਹੁਤ ਕੁੱਝ ਲੁਕਾ ਨਹੀਂ ਸਕਦੀ।

ਇਸ ਕਰਕੇ ਮੈਂ ਅੱਜ ਤੈਨੂੰ ਉਹ ਮਾੜੇ ਸਮੇਂ ਬਾਰੇ ਦੱਸਣ ਲੱਗੀ ਹਾਂ। ਤੇ ਤੈਨੂੰ ਇਹ ਵੀ ਪਤਾ ਚੱਲ ਜਾਵੇਗਾ ਕਿ ਤੇਰੇ ਮੰਮੀ ਪਾਪਾ ਕਿਥੇ ਨੇ ਮੈਂ ਬੜੇ ਧਿਆਨ ਨਾਲ ਦਾਦੀ ਦੀਆਂ ਇਹ ਗੱਲਾਂ ਸੁਣਨ ਲੱਗਾ ।

ਦਾਦੀ ਨੇ ਇਸ ਗੱਲ ਦੀ ਸੁਰੂਵਾਤ ਆਪਣੀ ਜ਼ਿੰਦਗੀ ਤੋਂ ਇਸ ਤਰਾਂ ਕੀਤੀ

ਦਾਦੀ ਜੀ : ਪੁੱਤ ਮੈਂ ਤੈਨੂੰ ਆਪਣੀ ਜ਼ਿੰਦਗੀ ਦੀ ਕੱਲੀ ਕੱਲੀ ਗੱਲ ਦੱਸਦੀ ਆ ਮੇਰਾ ਪਿਉ ਆਰਮੀ ਵਿੱਚ ਸੁਬੇਦਾਰ ਸੀ। ਮੈਨੂੰ ਚੰਗਾ ਪੜਾਇਆ ਲਿਖਾਇਆ ਚੰਗਿਆਂ ਸਕੂਲਾਂ ਵਿਚ ਮੇਰੀ ਪੜਾਈ ਹੋਈ । ਮੈਨੂੰ ਸਰਕਾਰੀ ਨੋਕਰੀ ਤਾਂ ਨਹੀਂ ਮਿਲੀ ਮੈਂ ਇੱਕ ਪ੍ਰਾਈਵੇਟ ਸਕੂਲ ਵਿੱਚ ਟੀਚਰ ਜਰੂਰ ਸੀ। ਜਦੋਂ ਮੇਰੀ ਵਿਆਹ ਦੀ ਉਮਰ ਹੋਈ ਤਾਂ ਮੇਰੇ ਮਾਂ ਪਿਓ ਨੇ ਮੇਰੇ ਲਈ ਵੀ ਸਰਕਾਰੀ ਮੁੰਡਾ ਲੱਭਣਾ ਸ਼ੁਰੂ ਕਰ ਦਿੱਤਾ। ਮੇਰੇ ਪਿਉ ਨਾਲ ਕੋਈ ਫੋਜੀ ਵੀਰ ਨੋਕਰੀ ਕਰਦਾ ਸੀ । ਮੇਰੇ ਪਿਉਂ ਨੇ ਉਹਨੂੰ ਦੱਸਿਆ ਵੀ ਮੇਰੀ ਲੜਕੀ ਵੀ ਜਵਾਨ ਹੈ ਕੋਈ ਰਿਸ਼ਤਾ ਦੱਸਿਉ ਕੋਈ ਵਧੀਆਂ ਮੁੰਡਾ ਸਰਕਾਰੀ ਲੱਗਿਆ ਹੋਵੇ ।ਉਸਨੇ ਦੱਸ ਪਾਈ ਅੱਗੋਂ ਇੱਕ ਆਪਣੇ ਦੋਸਤ ਦੇ ਮੁੰਡੇ ਦੀ ਜੋ ਸਰਕਾਰੀ ਨੋਕਰੀ ਕਰਦਾ ਸੀ। ਮੇਰੇ ਮਾਂ ਪਿਓ ਨੇ ਜਾਕੇ ਉਹਨਾਂ ਨਾਲ ਗੱਲ ਕੀਤੀ ਉਹਨਾਂ ਨੂੰ ਮੁੰਡਾ ਵਧੀਆ ਲੱਗਾ ਤੇ ਪਤਾ ਲੱਗਾ ਮੁੰਡਾ ਕਾਲਜ ਵਿੱਚ ਸਰਕਾਰੀ ਨੋਕਰੀ ਕਰਦਾ ਹੈ। ਤੇ ਅੱਗੋ ਮੁੰਡੇ ਵਾਲਿਆਂ ਨੇ ਵੀ ਇਹ ਕਿਹਾ ਕੁੜੀ ਪੜੀ ਲਿਖੀ ਹੋਵੇ ਨੋਕਰੀ ਭਾਵੇਂ ਨਾ ਕਰਦੀ ਹੋਵੇ । ਮੇਰੇ ਮਾਂ ਪਿਓ ਨੇ ਦੱਸਿਆ ਸਾਡੀ ਕੁੜੀ ਪੜੀ ਤਾਂ ਵਧੀਆ ਹੋਈ ਹੈ ਪਰ ਇੱਕ ਪ੍ਰਾਈਵੇਟ ਸਕੂਲ ਵਿੱਚ ਟੀਚਰ ਹੈ। ਸਭ ਨੂੰ ਇਹ ਰਿਸ਼ਤਾ ਪਸੰਦ ਆ ਗਿਆ ਤੇ ਮੇਰਾ ਵਿਆਹ ਵੀ ਪੱਕਾ ਹੋ ਗਿਆ । ਕੁੱਝ ਸਮੇਂ ਬਾਅਦ ਮੇਰਾ ਵਿਆਹ ਕਰ ਦਿੱਤਾ ਗਿਆ।ਫੇਰ ਮੇਰੀ ਜਿੰਦਗੀ ਦੀ ਇੱਕ ਅਜਿਹੀ ਸ਼ੁਰੂਵਾਤ ਹੋਈ ।ਜਿਸ ਬਾਰੇ ਮੈਂ ਪੁੱਤ ਤੈਨੂੰ ਦੱਸਣ ਲੱਗੀ ਹਾਂ ।ਸਾਡੇ ਵਿਆਹ ਨੂੰ ਵੀ ਕਈ ਸਾਲ ਹੋ ਗਏ ਸਨ । ਪਰ ਰੱਬ ਨੇ ਸਾਨੂੰ ਅਜੇ ਕੋਈ ਬੱਚਾ ਨਹੀਂ ਸੀ ਦਿੱਤਾ।ਅਸੀ ਡਾਕਟਰਾਂ

ਕੋਲ ਗਏ । ਪਰ ਸਭ ਨੇ ਮੈਨੂੰ ਮਾਂ ਬਣਨ ਤੋਂ ਜਵਾਬ ਦੇ ਦਿੱਤਾ ।ਇਸ ਤਰਾਂ ਇੱਕ ਬੱਚੇ ਦੀ ਉਡੀਕ ਵਿਚ ਕਈ ਸਾਲ ਬੀਤ ਗਏ।

ਤੇਰਾ ਦਾਦਾ ਪਟਿਆਲੇ ਸ਼ਹਿਰ ਸਰਕਾਰੀ ਕਾਲਜ ਵਿੱਚ ਇੱਕ ਪ੍ਰੋਫੈਸਰ ਵਜੋਂ ਨੋਕਰੀ ਕਰਦਾ ਸੀ।ਉਸਦਾ ਸੁਭਾਅ ਬਹੁਤ ਚੰਗਾ ਸੀ । ਕਾਲਜ ਵਿੱਚ ਬੱਚਿਆਂ ਨਾਲ ਬਹੁਤ ਮੋਹ ਸੀ। ਤੇਰੇ ਦਾਦੇ ਦੇ ਜਨਮ ਦਿਨ ਤੇ ਜਾ ਸਾਡੀ ਵਰੇਗੰਢ ਤੇ ਘਰ ਬੱਚੇ ਤੋਹਫ਼ੇ ਲੈ ਕੇ ਆਉਂਦੇ ਤੇ ਵਧਾਈਆਂ ਦਿੰਦੇ । ਬੱਚਿਆਂ ਵਿੱਚ ਤੇਰੇ ਦਾਦੇ ਦਾ ਵੀ ਜੀ ਲੱਗਾ ਰਹਿਣਾ। ਏਥੇ ਤੱਕ ਉਹਨਾਂ ਬੱਚਿਆਂ ਦੇ ਚਾਅ ਵਿੱਚ ਰੋਟੀ ਤੱਕ ਨਾ ਖਾਂਣੀ । ਘਰ ਬੱਚੇ ਆਉਂਦੇ ਜਾਂਦੇ ਮੇਰਾ ਵੀ ਉਹਨਾਂ ਨਾਲ ਮੋਹ ਪੈ ਗਿਆ । ਐਤਵਾਰ ਛੋਟੀ ਵਾਲੇ ਦਿਨ ਬੱਚਿਆ ਨੇ ਘਰ ਆ ਜਾਣਾ ਸਾਡਾ ਦਿਲ ਲੱਗ ਜਾਣਾ । ਉਹ ਕਾਲਜ ਵਿੱਚ ਵੀ ਬੱਚਿਆਂ ਨੂੰ ਆਪਣੇ ਬੱਚੇ ਸਮਝ ਕੇ ਸਮਝਾਉਂਦੇ ਰਹਿੰਦੇ ਚੰਗੇ ਕੰਮਾਂ ਵੱਲ ਪ੍ਰੇਰਿਤ ਕਰਦੇ । ਚੰਗਾ ਗਿਆਨ ਵੰਡਦੇ ਰਹਿੰਦੇ ਪਰ ਉਸ ਕਾਲਜ ਵਿੱਚ ਕਈ ਵੱਡਿਆਂ ਘਰਾਂ ਦੇ ਮੁੰਡੇ ਵੀ ਪੜਦੇ ਜੋ ਆਪ ਨਸੇ ਕਰਦੇ ਤੇ ਨਾਲੇ ਵੇਚਦੇ । ਤੇਰੇ ਦਾਦੇ ਨੇ ਕਈ ਵਾਰ ਉਹਨਾਂ ਮੁੰਡਿਆਂ ਨੂੰ ਵਾਰਨਿੰਗ ਦਿੱਤੀ ਤੁਸੀਂ ਇਸ ਕਾਲਜ ਦਾ ਮਹੋਲ ਤੇ ਆਪਣੀ ਜ਼ਿੰਦਗੀ ਖ਼ਰਾਬ ਨਾ ਕਰੋ। ਇਹ ਸਭ ਵੇਸੇ ਵੀ ਤੇਰੇ ਦਾਦੇ ਨੂੰ ਪਸੰਦ ਨਹੀਂ ਸੀ। ਨਸ਼ਿਆਂ ਦੇ ਖ਼ਿਲਾਫ਼ ਹਮੇਸ਼ਾ ਲੜਦੇ ਰਹੇ। ਤੇਰੇ ਦਾਦੇ ਦੀ ਇੱਕ ਆਦਤ ਸੀ ਉਹਨਾਂ ਮੇਰੇ ਕੋਲੋਂ ਕਦੇ ਕੁੱਝ ਨਾ ਲਕੋਣਾ ਆਪਣੇ ਕਾਲਜ ਦੀਆ ਗੱਲਾ ਵੀ ਘਰ ਆਕੇ ਸਭ ਮੈਨੂੰ ਦੱਸਣੀਆਂ।

ਇੱਕ ਦਿਨ ਦੀ ਗੱਲ ਹੈ ਉਹੀ ਮੁੰਡੇ ਨਸ਼ੇ ਵਿਚ ਭਰਪੂਰ ਕਿਤਾਬਾਂ ਵਾਲੀ ਲਾਇਬ੍ਰੇਰੀ ਵਿਚ ਬੇਠੇ ਨਸ਼ਾ ਕਰ ਰਹੇ ਸੀ । ਤੇਰਾ ਦਾਦਾ ਲਾਇਬ੍ਰੇਰੀ ਵਿਚ ਪਹੁੰਚਿਆ ਤਾਂ ਇਹ ਦੇਖਕੇ ਉਸ ਤੋਂ ਇਹ ਗੱਲ ਬਰਦਾਸ਼ਤ ਨਾ ਹੋਈ । ਤੇ ਤੇਰੇ ਦਾਦੇ ਨੇ ਮੁੰਡੇ ਪੁਲਿਸ ਵਿਚ ਫੜਾ ਦਿੱਤੇ ਤੇ ਉਹਨਾਂ ਦੇ ਘਰ ਵਾਲਿਆਂ ਨੂੰ ਬੁਲਾਕੇ ਸਭ ਦੱਸਕੇ ਉਹਨਾਂ ਨੂੰ ਕਾਲਜ ਵਿੱਚੋਂ ਕੱਢ ਦਿੱਤਾ। ਉਹਨਾਂ ਮੁੰਡਿਆਂ ਦੇ ਘਰ ਵਾਲੇ ਸਭ ਵਧੀਆ ਪੈਸੇ ਵਾਲੇ ਸੀ। ਜਿਹਨਾਂ ਨੇ ਪੁਲਿਸ ਨੂੰ ਪੈਸੇ ਦੇ ਕੇ ਤੇ ਲੀਡਰਾਂ ਤੇ ਸਿਫਾਰਸ਼ਾਂ ਪਵਾਕੇ ਮੁੰਡਿਆਂ ਨੂੰ ਬਾਹਰ ਕੱਢਵਾ ਲਿਆ। ਕੁੱਝ ਦਿਨ ਲੰਘ ਜਾਣ ਮਗਰੋਂ ਕਾਲਜ ਵਿੱਚ ਉਹਨਾਂ ਮੁੰਡਿਆਂ ਦੇ ਘਰਦੇ ਆਪਣੇ ਬੱਚਿਆਂ ਨੂੰ ਨਾਲ ਲੈਕੇ ਆਏ ਤੇ ਤੇਰੇ ਦਾਦਾ ਜੀ ਤੋਂ ਮਾਫ਼ੀ ਮੰਗਦੇ ਕਹਿਣ ਲੱਗੇ ਸਾਡੇ ਬੱਚਿਆਂ ਦੀ ਜ਼ਿੰਦਗੀ ਖ਼ਰਾਬ ਹੋ ਜਾਵੇਗੀ ਤੁਸੀਂ ਇਹਨਾ ਨੂੰ ਮਾਫ ਕਰਕੇ ਇਹਨਾਂ ਨੂੰ ਕਾਲਜ ਵਿੱਚ ਰੱਖ ਲਵੋ। ਤੇਰੇ ਦਾਦੇ ਨੇ ਉਹਨਾਂ ਤੇ ਤਰਸ ਕਰਕੇ ਉਹਨਾਂ ਨੂੰ ਦੁਬਾਰਾ ਇੱਕ ਮੋਕਾ ਦੇਕੇ ਕਾਲਜ ਵਿੱਚ ਰੱਖ ਲਿਆ। ਕੁੱਝ ਦਿਨ ਮਗਰੋਂ ਫੇਰ ਤੇਰੇ ਦਾਦੇ ਨੂੰ ਉਹਨਾਂ ਉਤੇ ਸ਼ੱਕ ਹੋਇਆਂ ਕਿ ਉਹ ਅਜੇ ਵੀ ਨਸ਼ੇ ਕਰਦੇ ਹਨ । ਤਾਂ ਉਹਨਾਂ ਨੇ ਉਸ ਮੁੰਡਿਆਂ ਦੀ ਦੁਬਾਰਾ ਨਿਗਰਾਨੀ ਰੱਖਣੀ ਸ਼ੁਰੂ ਕਰ ਦਿੱਤੀ। ਜਦੋਂ ਇਸ ਗੱਲ ਦੀ ਦੁਬਾਰਾ ਤਸੱਲੀ ਹੋਏ ਤੇਰੇ ਦਾਦੇ ਨੇ ਉਹਨਾਂ ਦੇ ਘਰਦਿਆਂ ਨੂੰ ਦੁਬਾਰਾ ਕਾਲਜ ਵਿੱਚ ਬੁਲਾਂ ਲਿਆ ਗਿਆਂ। ਉਹਨਾਂ ਮੁੰਡਿਆਂ ਦੇ ਘਰਦਿਆਂ ਨੇ ਤੇਰੇ ਦਾਦੇ ਸਾਹਮਣੇ ਆਪਣੇ ਬੱਚਿਆਂ ਨੂੰ ਝਿੜਕਿਆ ਤੇ ਆਪਣੇ ਬੱਚਿਆਂ ਨੂੰ ਘਰ ਲੈ ਗ਼ਏ । ਉਸ ਤੋਂ ਬਾਅਦ ਤੇਰੇ ਦਾਦੇ ਨੇ ਉਹਨਾਂ ਮੁੰਡਿਆਂ ਦੀ ਕੋਈ ਗਲਤੀ ਮਾਫ਼ ਨਾ ਕਰਦੇ ਹੋਏ ਕਾਲਜ ਵਿੱਚ ਨਹੀਂ ਵੜਨ ਦਿੱਤਾ। ਇੱਕ ਦਿਨ

ਰਾਹ ਵਿਚ ਘਰ ਆਉਂਦਿਆਂ ਉਹ ਮੁੰਡੇ ਤੇਰੇ ਦਾਦੇ ਦੇ ਗਲ ਪੈ ਗਏ। ਉਹਨਾਂ ਵੱਡੇ ਹੋਣ ਦੀ ਜਾ ਅਧਿਆਪਕ ਹੋਣ ਦੀ ਲਿਹਾਜ਼ ਵੀ ਨਾ ਕੀਤੀ। ਤੇਰੇ ਦਾਦੇ ਨੇ ਉਹਨਾਂ ਨੂੰ ਫੇਰ ਪੁਲਿਸ ਨੂੰ ਫੜਵਾ ਦਿੱਤਾ। ਕੁੱਝ ਦਿਨ ਮਗਰੋਂ ਕਾਲਜ ਵਿੱਚ ਗਰਮੀ ਦੀਆਂ ਜੂਨ ਜੁਲਾਈ ਦੀਆਂ ਛੁੱਟੀਆਂ ਵੀ ਹੋ ਗਈਆਂ।ਸਾਡੇ ਰਿਸ਼ਤੇਦਾਰਾਂ ਵਿੱਚ ਇੱਕ ਵਿਆਹ ਸੀ ਅਸੀਂ ਕੁਝ ਦਿਨਾਂ ਲਈ ਮੈਂ ਤੇ  ਤੇਰੇ ਦਾਦੇ ਨੇ ਤੇ ਮੇਰੇ ਸੱਸ ਸਹੁਰੇ ਨੇ ਮੋਗੇ ਜਾਣਾ ਸੀ । ਅਸੀਂ ਕੁਝ ਦਿਨਾਂ ਲਈ  ਵਿਆਹ ਤੇ ਚਲੇ ਗਏ। ਵਿਆਹ ਤੇਰੇ ਦਾਦੇ ਦੀ ਮਾਸੀ ਦੇ ਮੁੰਡੇ ਦਾ ਸੀ। ਅਸੀਂ ਆਪਣੀ ਕਾਰ ਲੈ ਕੇ ਗਏ ਹੋਏ ਸੀ। ਵਿਆਹ ਤੋਂ ਬਾਅਦ ਅਸੀਂ ਅਜੇ ਉਥੇ ਹੀ ਹੋਰ ਰਿਸ਼ਤੇਦਾਰਾਂ ਵਿੱਚ ਜਾਣਾ ਸੀ। ਤੇ ਮੇਰੇ ਸੱਸ ਸਹੁਰੇ ਨੇ ਆਕੇ ਘਰ ਸਾਂਭਣਾ ਸੀ। ਇਸ ਲਈ ਉਥੋ ਵਿਆਹ ਤੋਂ ਇੱਕ ਕਾਰ ਨੇ ਆਪਣੇ ਪਿੰਡ ਵੱਲ ਆਉਣਾ ਸੀ।  ਮੇਰੇ ਸੱਸ ਸਹੁਰਾ ਉਸ ਕਾਰ ਵਿਚ ਆਪਣੇ ਪਿੰਡ ਵੱਲ ਆ ਰਹੇ ਸੀ। ਲੁਧਿਆਣਾ ਐਕਸੀਡੈਂਟ ਵਿਚ ਉਹਨਾਂ ਦੀ ਮੌਤ ਹੋ ਗਈ।

ਸਾਨੂੰ ਪਤਾ ਲੱਗਾ ਤਾਂ ਅਸੀਂ ਰੋਂਦੇ ਹੋਏ ਹਸਪਤਾਲ ਵਿੱਚ ਪਹੁੰਚੇ । ਉਥੋ ਦੇਹਾ ਲੈ ਕੇ ਪਿੰਡ ਪਹੁੰਚ ਗਏ ।

ਇਸ ਘਟਨਾ ਨੇ ਸਾਡੀ ਜ਼ਿੰਦਗੀ ਵਿਚ ਹਨੇਰਾ ਜਿਹਾ ਕਰ ਦਿੱਤਾ । ਜੂਨ ਜੁਲਾਈ ਦੀਆਂ ਛੁੱਟੀਆਂ ਮੁੱਕਣ ਪਿੱਛੋਂ ਤੇਰਾ  ਦਾਦਾ ਕਾਲਜ ਜਾਣ ਲੱਗਾ ਜਿਥੇ ਉਹਨਾਂ ਬੱਚਿਆਂ ਵਿੱਚ ਉਹਦਾ ਦਿਲ ਲੱਗਣਾ ਸ਼ੁਰੂ ਹੋਇਆ । ਪਰ ਘਰ ਮੈਂ ਕੱਲੀ ਸੀ ਉਹਨਾਂ ਨੂੰ ਮੇਰਾ ਫਿਕਰ  ਹੋਣਾ । ਅਜੇ ਤੱਕ ਵੀ ਸਾਡੇ ਕੋਲ ਕੋਈ ਬੱਚਾ ਨਹੀਂ ਸੀ। ਇਸ ਗੱਲ ਦਾ ਵੀ ਸਾਨੂੰ ਬਹੁਤ ਅਫਸੋਸ ਰਹਿੰਦਾ  ਸੀ। ਇਸ ਦੁੱਖ ਵਿਚ

ਦਾਦਾ ਤੇਰਾ ਚੁੱਪ ਚਾਪ ਕਾਲਜ ਜਾਂਦਾ ਤੇ ਚੁੱਪ ਚਾਪ ਆਉਂਦਾ ਪਰ ਰਸਤੇ ਵਿਚ ਉਹ ਮੁੰਡੇ ਤੇਰੇ ਦਾਦੇ ਨੂੰ  ਤੰਗ ਕਰਦੇ ਰਹਿੰਦੇ ਸੀ।ਕਈ ਵਾਰ ਉਹਨਾਂ ਮੁੰਡਿਆਂ ਨੇ ਤੇਰੇ ਦਾਦੇ ਤੇ ਹਮਲਾ ਵੀ ਕੀਤਾ ਮਾਰਨ ਲਈ ਜੋ ਕਿ ਨਸ਼ੇੜੀ ਸੀ। ਤੇਰੇ ਦਾਦੇ ਨੇ ਮੇਰਾ ਫਿਕਰ ਕਰਦੇ ਹੋਏ ਨੇ  ਤੇ ਇਸ ਸ਼ਹਿਰ ਵਿੱਚ ਤੇਰੇ ਦਾਦੇ ਦੇ ਮਾਂ ਦੀਆਂ ਯਾਦਾਂ ਦਾ ਦੁੱਖ ਨਾ ਸਹਿੰਦੇ ਨੇ ਆਪਣੀ ਬਦਲੀ ਬਠਿੰਡੇ ਕਰਵਾ ਲਈ । ਅਸੀਂ ਆਪਣਾ ਘਰ ਵੇਚਕੇ ਬਠਿੰਡੇ ਆਕੇ ਰਹਿਣ ਲੱਗ ਪਏ।

ਇਥੇ ਵੀ ਬੱਚੇ ਲਈ ਅਸੀਂ ਡਾਕਟਰਾਂ ਕੋਲ ਜਾ ਕੇ  ਦਿਖਾਉਂਦੇ ਰਹੇ ।ਕਈ ਸਾਲਾਂ ਪਿੱਛੋਂ ਸਾਡੇ ਕੋਲ ਬੱਚਾ ਹੋਇਆ। ਸਾਨੂੰ  ਤੇਰੇ ਪਾਪਾ ਦੇ ਹੋਣ ਦੀ ਬੜੀ ਖੁਸ਼ੀ ਸੀ । ਕਿ ਕਿਨੇ ਸਾਲ ਬਾਅਦ ਬੱਚਾ ਹੋਇਆ ਰੱਬ ਦਾ ਸ਼ੁਕਰ ਉਸਨੇ ਸਾਨੂੰ ਵੀ ਇੱਕ ਮੁੰਡਾ ਦਿੱਤਾ।ਸਾਡੇ ਘਰ ਦੇ ਵਿਹੜੇ ਵਿਚ ਵੀ ਖੁਸ਼ੀਆਂ ਨੇ ਕਿੰਨੇ ਸਾਲ ਬਾਅਦ ਪੈਰ ਪਾਇਆ ਸੀ। ਸਾਡੀ ਜ਼ਿੰਦਗੀ ਵੀ ਆਪਣੇ ਬੱਚੇ ਨਾਲ ਏਦਾਂ ਬੀਤ ਰਹੀ ਸੀ। ਜਿਵੇਂ ਤਿੱਤਲੀਆਂ ਦੇ ਬੱਚੇ ਫੁੱਲਾਂ ਨਾਲ ਖੇਡਦੇ ਹੁੰਦੇ ਹੋਣ। ਅਸੀਂ ਆਪਣੇ ਬੱਚੇ ਨਾਲ ਬਹੁਤ ਖੁਸ਼ ਰਹਿੰਦੇ ਸੀ ।ਬੱਚਾ ਹੋਣ ਕਰਕੇ ਤੇਰੇ ਦਾਦੇ ਦੇ ਮਾਂ ਪਿਓ ਵਾਲੇ ਦੁੱਖ ਵੀ ਥੋੜੇ ਫਿੱਕੇ ਪੈ ਗਏ ਸੀ । ਪਰ ਕਦੇ ਕਦੇ ਅਜੇ ਵੀ ਰੋਣ ਲੱਗ ਜਾਂਦੇ ਆਪਣੇ ਮਾਂ ਪਿਓ ਨੂੰ ਯਾਦ ਕਰਕੇ ਮਾਂ ਪਿਉ ਤਾ ਮਾਂ ਪਿਓ ਹੀ ਹੁੰਦੇ ਨੇ। ਕੁੱਝ ਸਮਾਂ ਏਦਾਂ ਤੇਰੇ ਪਿਉਂ ਦੀਆਂ ਖੁਸ਼ੀਆਂ ਨਾਲ ਲੰਘਿਆ ਤੇ

ਅਚਾਨਕਕਕ ਸਾਡੀ ਜ਼ਿੰਦਗੀ ਵਿੱਚ ਫੇਰ ਇੱਕ ਦੁੱਖਾ ਦਾ ਹਨੇਰ ਆਇਆ ।

ਤੇਰਾ ਦਾਦਾ ਤੇਰੇ ਪਿਉ ਨੂੰ ਤੇ ਮੈਨੂੰ ਉਦੋਂ ਦੁਨੀਆਂ ਤੋਂ ਛੱਡਕੇ ਚਲਾ ਗਿਆ ਜਦੋਂ ਤੇਰਾ ਪਿਉ ਛੇ ਸਾਲ ਦੀ ਉਮਰ ਦਾ ਸੀ।ਮੇਰੀ ਜਿੰਦਗੀ ਵਿਚ ਉਦੋਂ ਦੁੱਖਾ ਦਾ ਐਸਾ ਹਨੇਰ ਆਇਆਂ ਮੁੜਕੇ ਕਦੇ ਖੁਸ਼ੀਆਂ ਦਾ ਚਾਨਣ ਹੋਇਆ ਹੀ ਨਹੀਂ। ਹੋਲੀ ਹੋਲੀ ਸਮਾਂ ਬੀਤਦਾ ਗਿਆ ਤੇਰਾ ਪਿਉ ਜਵਾਨ ਹੁੰਦਾ ਗਿਆਂ। ਉਹਨੂੰ ਪੜਾਉਣਾ ਮੁਸ਼ਕਲ ਹੋਇਆਂ ਚੰਗੀ ਪੜਾਈ ਨਾ ਕਰਾਂ ਸਕੀ ਕਿਉਂਕਿ ਤੇਰੇ ਦਾਦੀ ਦੀ ਪੈਨਸ਼ਨ ਨਾਲ ਤਾਂ ਮਸਾਂ ਘਰ ਦਾ ਖਰਚ ਤੇ ਥੋੜੀਆਂ ਬਹੁਤੀਆਂ ਤੇਰੇ ਪਾਪਾ ਦੀਆਂ ਫੀਸਾਂ ਹੀ ਭਰੀਆਂ ਜਾਂਦੀਆਂ ਸੀ। ਹੱਥ ਵਿੱਚ ਤੰਗੀ ਦੱਬਕੇ ਤੇਰੇ ਪਾਪਾ ਨੂੰ ਪੜਾ ਲਿਆ ਪਰ ਉਹਨੂੰ ਵੀ ਸਰਕਾਰੀ ਨੋਕਰੀ ਤਾਂ ਨਾ ਮਿਲੀ । ਇੱਕ ਫੈਕਟਰੀ ਵਿੱਚ ਪ੍ਰਾਈਵੇਟ ਅਕਾਊਂਟੈਂਟ ਦੀ ਨੋਕਰੀ ਕਰਨ ਲੱਗਾ। ਤੇਰੇ ਪਿਉਂ ਨੇ ਦੱਸ ਸਾਲ ਨੋਕਰੀ ਕਰਕੇ ਮੇਰੇ ਚਾਅ ਸੁਫ਼ਨੇ ਪੂਰੇ ਕਰਕੇ ਘਰਦੇ ਹਲਾਤ ਬਦਲੇ ਅਤੇ ਆਪਣੇ ਵਿਆਹ ਵਾਸਤੇ ਪੈਸੇ ਵੀ ਆਪਣੇ ਹੱਥੀਂ ਜੋੜੇ ।

ਤੇਰੇ ਪਿਉਂ ਦਾ ਵਿਆਹ ਹੋਇਆ ਘਰ ਵਿੱਚ ਦੁਬਾਰਾ ਖੁਸ਼ੀਆਂ ਨੇ ਪੈਰ ਪਾਇਆ ਪਰ ਕੁਝ ਪੁਰਾਣੀਆਂ ਗੱਲਾਂ ਅਜੇ ਵੀ ਮੈਨੂੰ ਮਹਿਸੂਸ ਹੁੰਦੀਆਂ ਰਹਿੰਦੀਆਂ ਸੀ। ਜੋ ਖਿਆਲਾਂ ਵਿਚ ਦੁੱਖ ਬਣਕੇ ਮੇਰੇ ਕਲੇਜੇ ਤੇ ਬਹਿ ਜਾਂਦੀਆਂ ਸੀ। ਥੋੜਾ ਜਿਹਾ ਸਮਾਂ ਲੰਘਣ ਪਿੱਛੋਂ ਪੁੱਤ ਤੇਰਾ ਜਨਮ ਹੋਇਆ । ਤੈਨੂੰ ਜਨਮ ਦੇਕੇ ਤੇਰੀ ਮਾਂ ਵੀ ਸਾਨੂੰ ਛੱਡ ਕੇ ਚਲੀ ਗਈ।ਡਾਕਟਰਾਂ ਨੇ ਬੜੀ ਮੁਸ਼ਕਲ ਨਾਲ ਤੈਨੂੰ ਬਚਾਇਆ ਪਰ ਤੇਰੀ ਮਾਂ ਨੂੰ ਨਾ ਬਚਾ ਸਕੇ। ਮੈਂ ਆਪਣੀ ਵਿਆਹ ਵਾਲੀ ਜ਼ਿੰਦਗੀ ਤੋਂ ਬਾਅਦ ਬਸ ਐਵੇਂ ਹੀ ਸਿਵਿਆ ਵੱਲ ਜਾਂਦੀ ਰਹੀ । ਤੂੰ ਤਾਂ ਛੋਟਾ ਜਿਹਾ ਸੀ ਤੇਰੇ ਪਿਉ ਨੂੰ ਤੇ ਮੈਨੂੰ ਇਹ ਦੁੱਖ ਹਰ ਰੋਜ਼ ਸਾਨੂੰ ਅੱਥਰੂਆਂ ਦੀ

ਬਰਸਾਤ ਦਿੰਦਾ ਰਿਹਾਂ।ਰੱਬ ਨੇ ਕਦੇ ਮੇਰੀ ਜਿੰਦਗੀ ਵਿੱਚ ਬਹੁਤੇ ਸਮੇਂ ਲਈ ਖੁਸ਼ੀਆਂ ਦਿੱਤੀਆਂ ਹੀ ਨਹੀਂ। ਜੇ ਕੋਈ ਇੱਕ ਖੁਸ਼ੀ ਆਉਦੀ ਉਹ ਵੀ ਥੋੜਾ ਸਮਾਂ ਹਸਾਉਣ ਪਿਛੋਂ ਜਾਕੇ ਫੇਰ ਕਬਰਾਂ ਦੀ ਮਿੱਟੀ ਹੇਠਾਂ ਦੱਬ ਜਾਂਦੀ ਸੀ।ਐਵੇਂ ਲੱਗਦਾ ਸੀ ਜ਼ਿੰਦਗੀ ਨੇ ਕਦੇ ਹਾਸਿਆਂ ਨਾਲ਼ ਖੇਡਣਾ ਸਿੱਖਿਆ ਹੀ ਨਹੀਂ । ਤੇਰਾ ਪਿਉ ਤੇਰੀ ਮਾਂ ਦੇ ਜਾਣਦਾ ਦੁੱਖ ਨਾ ਸਹਿਣ ਕਰਕੇ ਸ਼ਰਾਬ ਦਾ ਆਦਿ ਬਣ ਗਿਆ । ਤੇਰੇ ਦਾਦੇ ਦੀਆ ਗੱਲਾ ਯਾਦ ਸੀ ਮੈਨੂੰ ਕਦੇ ਉਹ ਆਪਣੇ ਕਾਲਜ ਵਾਲੇ ਬੱਚਿਆ ਨੂੰ ਨਸ਼ਿਆਂ ਤੋਂ ਰੋਕਦਾ ਹੁੰਦਾ ਸੀ। ਪਰ ਮੇਰੀਆ ਅੱਖਾ ਨੂੰ ਇਹ ਵੀ ਦੇਖਣਾ ਪਿਆ ਕੀ ਮੇਰੀ ਔਲਾਦ ਵੀ ਨਸ਼ੇ ਕਰਦੀ ਹੈ। ਤੇਰੇ ਪਿਉ ਨੂੰ ਮੈਂ ਤੇਰੇ ਦਾਦੇ ਦਾ ਮਹੋਲ ਦੱਸਦੀ ਹੁੰਦੀ ਕੀ ਉਹ ਕਿਵੇਂ ਕਾਲਜ ਵਿੱਚ ਬੱਚਿਆਂ ਨੂੰ ਨਸਿਆ ਤੋਂ ਰੋਕਦਾ ਸੀ। ਪਰ ਪੁੱਤ ਤੂੰ ਮੇਰੀ ਗੱਲ ਮੰਨ ਇਹ ਸ਼ਰਾਬ ਤੇਰੇ ਦੁੱਖ ਨੂੰ ਖਤਮ ਨਹੀਂ ਤੈਨੂੰ ਖਤਮ ਕਰ ਰਹੀ ਹੈ।ਪਰ ਨਹੀਂ ਤੇਰੇ ਪਿਉ ਨੇ ਮੇਰੀ ਇੱਕ ਨਾ ਸੁਣੀ ਹਰ ਰੋਜ਼ ਦਾਰੂ ਨਾਲ਼ ਰੱਜ ਲੈਣਾ। ਤੇਰੀ ਉਮਰ ਦੋ ਕੁ ਸਾਲ ਦੀ ਸੀ ਉਦੋਂ ਪੁੱਤ।

ਤੇਰੇ ਪਿਉ ਨੂੰ ਅੱਧੀ ਰਾਤ ਨੂੰ ਠੇਕਿਆਂ ਤੋਂ ਚੁੱਕ ਕੇ ਲੈ ਕੇ ਆਉਣਾ। ਕਈ ਵਾਰ ਤਾਂ ਸ਼ਰਾਬ ਵਿੱਚ ਰੱਜੇ ਹੋਏ ਦੀ ਰਾਤ ਵੀ ਬਾਹਰ ਲੰਘ ਜਾਂਦੀ ਸੀ। ਮੈਨੂੰ ਬਹੁਤ ਫ਼ਿਕਰ ਰਹਿਣਾ ਜਦੋਂ ਤੱਕ ਤੇਰੇ ਪਿਉ ਨੇ ਘਰ ਨਾ ਆ ਜਾਣਾ ਇਸ ਉਮਰ ਵਿੱਚ ਕਿਥੇ ਕਿਥੇ ਜਾ ਕੇ ਸੜਕਾਂ ਤੇ ਲੱਭਦੀ ਉਹਨੂੰ ਇੱਕ ਦਿਨ ਰਾਤ ਦੇ ਦੱਸ ਵਜੇ ਹੋਏ ਸੀ। ਤੇਰਾ ਪਿਉ ਸ਼ਾਇਦ ਸ਼ਰਾਬ ਪੀਣ ਹੀ ਕਿਧਰੇ ਗਿਆ ਹੋਇਆ ਸੀ।ਬੱਦਲ ਪੂਰੀ ਤਰਾਂ ਗਰਜ ਗਰਜ ਕੇ ਛੋਰ ਕਰ ਰਹੇ ਸਨ । ਮੈਨੂੰ ਤੇਰੇ ਪਿਉ ਦੇ ਘਰ ਆਉਣ ਦੀ ਬਹੁਤ ਉਡੀਕ ਸੀ। ਪਤਾ ਨਹੀਂ ਕਿਥੇ ਰਹਿ ਗਿਆ ਸੀ।

ਅੱਧੀ ਰਾਤ ਨੂੰ ਕਿਥੇ ਕੰਧਾਂ ਵਿੱਚ ਟਕਰਾ ਮਾਰਦੀ ਜਾ ਕੇ ਮੀਂਹ ਵਿੱਚ। ਆਸਮਾਨ ਤੇ ਚਾਰੇ ਪਾਸੇ ਬਦਲੀ ਲਿਸ਼ਕ ਰਹੀ ਸੀ ਬਦਲਾਂ ਦੇ ਸੀਨੇ ਪਾੜਦੀ ਹੋਈ ਧਰਤੀ ਵੱਲ ਡਿਗਦੀ ਡਿਗਦੀ ਦੀਆਂ  ਆਵਾਜ਼ਾਂ ਪੈਦਾ ਹੁੰਦੀਆਂ ਦੇਖਕੇ ਮਰ ਮਨ ਡੋਲ ਰਿਹਾ ਸੀ। ਪਤਾ ਨਹੀਂ ਤੇਰਾ ਪਿਉ ਕਿਥੇ ਰਹਿ ਗਿਆ।ਸਾਰੀ ਰਾਤ ਮੇਰੀ ਤੇਰੇ ਪਿਉ ਦੀ ਉਡੀਕ ਵਿੱਚ ਲੰਘ ਗਈ। ਸਵੇਰ ਹੋਈ ਪਤਾ ਲੱਗਿਆ ਆਪਣੇ ਪਿੰਡਾਂ ਦੇ ਆਲੇ-ਦੁਆਲੇ ਰਾਤ ਬਿਜਲੀ ਡਿੱਗਣ ਨਾਲ ਕਈ ਬੰਦੇ ਮਰ ਗਏ।ਜਦੋਂ ਸਵੇਰੇ ਹਸਪਤਾਲ ਵਿੱਚ ਲਾਸ਼ਾਂ ਦੀ ਪਛਾਣ ਕਰਨ ਲਈ ਬੁਲਾਇਆ ਤਾਂ ਦੇਖਿਆ ਉਹਨਾਂ ਵਿੱਚ ਤੇਰਾ ਪਿਉ ਵੀ ਇਸ ਬਦਲੀ ਦਾ ਸ਼ਿਕਾਰ ਹੋਇਆ ਤੇ ਉਹ ਵੀ ਆਪਾ ਨੂੰ ਅਲਵਿਦਾ ਕਹਿ ਗਿਆਂ।ਦੇਖਣ ਨੂੰ ਪੁੱਤ ਰੱਬ ਦੀਆ ਕਈ ਚੀਜ਼ਾਂ ਸੋਹਣੀਆਂ ਨੇ ਪਰ ਇਹਨਾਂ ਚੀਜ਼ਾਂ ਦਾ ਨਤੀਜਾ ਮਾੜਾ ਵੀ ਹੁੰਦਾ ਹੈ।ਬਦਲਾਂ ਵਿਚ ਲਿਸ਼ਕਦੀ ਬਦਲੀ ਦੇਖਣ ਨੂੰ ਸੋਹਣੀ ਲੱਗਦੀ ਹੈ।

ਤੇਰੀ ਦਾਦੀ ਕੀ ਕਰਦੀ ਪੁੱਤ ਤੈਨੂੰ ਛੱਡਕੇ ਮੇਰੇ ਲਈ ਮਰਨਾ ਵੀ ਔਖਾ ਸੀ।ਹੁਣ ਇੱਕ ਤੇਰੀ ਆਸ ਤੇ ਜਿਉਦੀ ਫਿਰਦੀ ਹਾ। ਪੁੱਤ ਹੁਣ ਤੂੰ ਹੀ ਮੇਰਾ ਸਭ ਕੁਝ ਰਹਿ ਗਿਆ ।ਮੇਰੀ ਉਮਰ ਵੀ ਹੁਣ ਤਾਂ  ਕਬਰਾਂ ਵੱਲ ਜਾ ਰਹੀ ਹੈ।ਮੈ ਬਸ ਤੈਨੂੰ ਜਿੰਦਗੀ ਵਿੱਚ ਖੁਸ ਦੇਖਣਾ ਚਾਹੁੰਦੀ ਹਾਂ।ਇਹ ਗੱਲ ਆਖਕੇ ਦਾਦੀ ਨੇ  ਰੋਂਦੀ ਰੋਂਦੀ ਨੇ ਗੱਲ ਖਤਮ ਕਰ ਦਿੱਤੀ ।

ਮੇਰੀਆ ਅੱਖਾ ਵੀ ਹੰਝੂ ਸੁੱਟਦੀਆਂ ਹੋਈਆ ਹੁਣ ਸੋਣ ਦਾ ਨਾਮ ਨਹੀਂ ਲੈ ਰਹੀਆ ਸੀ। ਮੈਂ ਘੁੱਟ ਕੇ ਦਾਦੀ ਨੂੰ ਜੱਫੀ ਪਾ ਲਈ ਅਸੀਂ ਪੈ ਗਏ । ਮੇਰੇ ਮਨ ਵਿਚ ਇਹ ਆਇਆ ਕਿ ਸ਼ਾਇਦ ਪਹਿਲੀ ਵਾਰ ਮੈਨੂੰ ਚੰਨ ਤਾਰੇ ਹੀ ਤਾਂ ਸੋਹਣੇ

ਲੱਗੇ । ਮੇਰੇ ਮੰਮੀ ਪਾਪਾ ਜਿਵੇਂ  ਇਹ ਹੀ ਤਾਰੇ ਹੋਣ ।ਮੈਂ ਸਾਹਮਣੇ ਦੀਵਾਰ ਤੇ ਘੜੀ ਲੱਗੀ ਦੇਖੀ ਤਾਂ ਰਾਤ ਦੇ ਢਾਈ ਵਜੇ ਹੋਏ ਸੀ। ਮਨੋ ਮਨੀ ਚੁੱਪ ਕਰਕੇ ਰਾਤੀਂ ਦਾਦੀ ਵੀ ਰੋਂਦੀ ਰਹੀ ਤੇ ਮੈਂ ਵੀ। ਮੈਂ ਸਵੇਰ ਚੜਨ ਦਾ ਬਹੁਤ ਇੰਤਜ਼ਾਰ ਕਰ ਰਿਹਾ ਸੀ ਅੱਜ ਦੀ ਰਾਤ ਕੱਟਣੀ ਬਹੁਤ ਹੀ ਔਖੀ ਸੀ ਮੇਰੇ ਲਈ ਜਿਵੇਂ ਦਾਦੀ ਦੀ ਪੂਰੀ ਜ਼ਿੰਦਗੀ ਇਹਨਾਂ ਦੁੱਖਾ ਨਾਲ ਗੁਜਰੀ ਉਹਦੇ ਵਰਗੀ ਹੀ ਮੇਰੇ ਲਈ ਇਹ ਰਾਤ ਸੀ। ਮਸਾਂ ਅੱਜ ਦੀ ਰਾਤ ਬੀਤੀ ਤੇ ਦਿਨ ਚੜਿਆ। ਸਵੇਰੇ ਅੱਜ ਵੀ ਬਹੁਤ ਬਾਰਿਸ਼ ਹੋ ਰਹੀ ਸੀ। ਦਾਦੀ ਨੇ ਮੈਨੂੰ ਪਹਿਲਾਂ ਹੀ ਕਹਿ ਦਿੱਤਾ ਪੁੱਤ ਤੂੰ ਅੱਜ ਸਕੂਲ ਨਾ ਜਾਈਂ ਛੁੱਟੀ ਕਰਲਾ ਮੀਂਹ ਬਹੁਤ ਹੈ ਬਾਹਰ। ਅੱਜ ਵੀ ਦਾਦੀ ਨੂੰ ਬੱਦਲਾਂ ਤੋਂ ਡਰ ਜਾਂ ਲੱਗਦਾ ਸੀ ਕਿਉਂਕਿ ਉਸਨੇ ਆਪਣਾ ਪੁੱਤ ਖੋਇਆ ਸੀ। ਦਾਦੀ ਨੇ ਮੈਨੂੰ ਬਹੁਤ ਲਾਡਾ ਨਾਲ ਪਾਲਿਆ ਹਰ ਰੀਝ ਪੂਰੀ ਕੀਤੀ ਮੇਰੀ। ਮੇਰਾ ਸੁਫਨਾ ਸੀ ਮੈਂ ਵੀ ਦਾਦੀ ਨੂੰ ਹੁਣ ਜਾਂਦੀ ਵਾਰੀ ਤਾ ਖੁਸ਼ੀਆਂ ਦਵਾ ਇੱਕ ਵਾਰ । ਮੇਰੀ ਉਮਰ ਤੇਰ੍ਹਾਂ ਸਾਲ ਦੀ ਹੋ ਗਈ ਸੀ ਤੇ ਦਾਦੀ ਦੀ ਅੱਸੀ ਸਾਲ । ਪਰ ਅਜੇ ਵੀ ਦਾਦੀ ਮੈਨੂ ਪੜਨ ਲਈ ਆਖਦੀ ਰਹਿੰਦੀ ਕਿ ਤੂੰ ਪੜਕੇ ਪੁੱਤ ਸਰਕਾਰੀ ਅਫਸਰ ਬਣ  ਜਾ ਫੇਰ ਮੈਂ ਤੈਨੂੰ ਛੱਡਕੇ ਤੁਰ ਜਾਵਾਂਗੀ । ਇਹ ਗੱਲ ਸੁਣਦਿਆਂ ਮੇਰੇ ਕਲੇਜੇ ਵਿੱਚ ਵਿੱਚ ਚੀਸਾ  ਜਿਹੀਆਂ ਪੈਂਦੀਆਂ। ਮੈਂ ਪੰਦਰਾ ਸਾਲ ਦਿਨ ਰਾਤ ਮੇਹਨਤ ਕੀਤੀ ਤੇ ਆਖਿਰ ਨੂੰ ਮੈਂ ਦਾਦੇ ਵਾਂਗੂੰ ਪ੍ਰੋਫੈਸਰ ਬਣ ਗਿਆ।ਤੈ ਮੇਰੀ ਡਿਊਟੀ ਵੀ ਜਾ ਪਟਿਆਲੇ ਸ਼ਹਿਰ ਵਿਚ ਲੱਗੀ।

ਜਦੋਂ ਮੈਂ ਆਪਣੀ ਦਾਦੀ ਸਾਹਮਣੇ ਪ੍ਰੋਫੈਸਰ ਬਣਕੇ ਆਣ ਖੜਾ ਹੋਇਆ ਦਾਦੀ ਨੇ ਮੇਰੇ ਵਿੱਚੋਂ ਦਾਦੇ ਦਾ ਚੇਹਰਾ ਤੱਕਿਆ ਤੇ ਮੈਨੂੰ ਘੁੱਟ ਕੇ ਕਲੇਜੇ ਲਾ ਕੇ ਕਹਿੰਦੀ ।

ਹੁਣ ਮੈਨੂੰ ਮਰਨ ਵੇਲੇ ਤੇਰੀ ਕੋਈ ਫ਼ਿਕਰ ਨਹੀਂ। ਕਿਉਂਕਿ ਤੂੰ ਵੀ ਆਪਣੇ ਦਾਦੇ ਵਾਗ ਪ੍ਰੋਫੈਸਰ ਲੱਗ ਗਿਆ। ਤੇ ਤੇਰਾ ਹੋਂਸਲਾ ਉਹਦੇ ਵਰਗਾ ਤੇ ਸੋਚ ਵੀ ਦਾਦੇ ਵਰਗੀ ਹੈ ।

ਮੈਂ ਵੀ ਦਾਦੇ ਵਾਗ ਕਾਲਜ ਵਿੱਚ ਔਂਦਾ ਹੀ ਦਾਦੇ ਵਾਗ ਪੜਾਉਂਦਾ ।ਘਰ ਆਕੇ ਦਾਦੀ ਨੂੰ ਗੱਲਾਂ ਵੀ ਦੱਸਣੀਆਂ। ਦਾਦੀ ਬਹੁਤ ਖੁਸ਼ ਹੁੰਦੀ ਇਹ ਸਭ ਸੁਣਕੇ।

ਦਾਦੀ ਦੇ ਜੋ ਸਾਲ ਜ਼ਿੰਦਗੀ ਦੇ ਰਹਿੰਦੇ ਸੀ। ਮੈਂ ਉਹਨਾਂ ਸਾਲਾਂ ਵਿੱਚ ਬਹੁਤ ਕੀਤਾ ਦਾਦੀ ਦਾ । ਪਟਿਆਲੇ ਜਿਹੜਾ ਦਾਦੇ ਨੇ ਕਦੇ ਫਿਕਰਾਂ ਕਰਕੇ ਘਰ ਵੇਚਿਆ ਸੀ ਉਹ ਵੀ ਦੇ ਕੇ ਦਿੱਤਾ ਦੁਬਾਰਾ ਤੇ ਪਟਿਆਲੇ ਹੀ ਮੇਰੀ ਡਿਊਟੀ ਵੀ ਸੀ।

ਹੁਣ ਦਾਦੀ ਵੀ ਉਮਰ ਦੇ ਹਿਸਾਬ ਨਾਲ ਬਿਮਾਰ ਰਹਿਣ ਲੱਗ ਪਈ ਸੀ। ਘਰਦੇ ਕੰਮ ਵੀ ਸਾਰੇ ਮੈਨੂੰ ਕਰਨੇ ਪੈਂਦੇ ਸੀ । ਇਸ ਕਰਕੇ ਦਾਦੀ ਕਹਿਣ ਲੱਗੀ ਪੁੱਤ ਹੁਣ ਤੇਰਾ ਵੀ ਵਿਆਹ ਕਰ ਦਿਨੇ ਆ । ਇੱਕ ਤਾਂ ਦਾਦੀ ਨੂੰ ਕੱਲਿਆ ਛੱਡਕੇ

ਡਿਉਟੀ ਤੇ ਜਾਣਾ ਵੀ ਅੌਖਾ ਸੀ। ਇਸ ਕਰਕੇ ਮੈਂ ਵੀ ਆਪਣਾ ਦਾਦੀ ਦੇ ਜਿਉਂਦੇ ਜੀ ਵਿਆਹ ਕਰਵਾ ਲਮੇਰੀ ਘਰਵਾਲੀ ਨੇ ਬਹੁਤ ਕਰਿਆ ਕਰਨਾ ਦਾਦੀ ਦਾ।

ਮੈ ਕਾਲਜ ਟਾਇਮ ਤੋਂ ਬਾਅਦ ਜਦੋਂ ਘਰ ਵਿਹਲੇ ਹੋਣਾ ਤਾਂ ਡਾਅਰੀ ਪੈਨ ਚੁੱਕ ਕੇ ਕੁੱਛ ਲਿਖਣ ਲੱਗ ਜਾਣਾ । ਇੱਕ ਦਿਨ ਮੈਂ ਸੋਚਿਆ ਇਹ ਦੁੱਖ ਬਹੁਤ ਵੱਡਾ ਹੈ । ਇਸ ਨੂੰ ਕਿਤਾਬ ਵਿਚ ਲਿਖਕੇ ਮੈਂ ਆਪਣੇ ਕੋਲ ਰੱਖੂਗਾ ਤੇ ਨਾਲੇ ਹੁਣ ਦਾਦੀ ਦੀ ਉਮਰ ਵੀ ਬਹੁਤ ਹੋ ਗਈ ਹੈ। ਕੀ ਪਤਾ ਮੈਨੂੰ ਸਾਨੂੰ ਛੱਡਕੇ ਕਦੋਂ ਤੁਰ ਜਾਵੇ ਮੈਂ ਦਾਦੀ ਦੇ ਕਰਜ਼ੇ ਨੂੰ ਉਹਨੂੰ ਹੋਰ ਉਮਰ ਤਾਂ ਦੇ ਕੇ ਨਹੀਂ ਚੁਕਾ ਸਕਦਾ ਸੀ । ਪਰ ਮੈਂ ਸੋਚਿਆ ਜੋ ਦਾਦੀ ਵਾਂਗ ਮੇਰੇ ਨਾਲ ਰਹੇ ਮੈਂ ਦਾਦੀ ਦੀਆਂ ਗੱਲਾਂ ਦੀ ਤੇ ਦਾਦੀ ਦੀਆਂ ਯਾਦਾਂ ਵਾਸਤੇ  ਇੱਕ ਕਿਤਾਬ ਲਿਖ ਲੈਨਾ ਇੱਕ ਦਿਨ ਮੈਂ ਆਪਣੀ ਜ਼ਿੰਦਗੀ ਦੀ ਇਹ ਕਿਤਾਬ ਲਿਖਣੀ ਸ਼ੁਰੂ ਕਰ ਦਿੱਤੀ। ਮੇਰੀ ਕਿਤਾਬ ਅਜੇ ਪੂਰੀ ਨਹੀਂ ਲਿਖੀ ਗਈ ਸੀ। ਮੇਰੀ ਦਾਦੀ ਵੀ ਅਖੀਰਲੇ ਸਾਲਾਂ ਵਿੱਚ ਮੇਰੇ ਤੋਂ ਵੱਖ ਹੋ ਕੇ  ਸਾਨੂੰ ਛੱਡਕੇ ਅਲਵਿਦਾ ਕਹਿ ਗਈ।ਮੈਂ ਪੜ ਲਿਖ ਕੇ ਇੱਕ ਪ੍ਰੋਫੈਸਰ ਤਾਂ ਬਣ ਗਿਆ । ਪਰ ਮੇਰੀ ਅਸਲੀ ਖੁਸ਼ੀ ਮੇਰੀ ਦਾਦੀ ਨਾਲ ਹੀ ਸੀ। ਮੈਂ ਦਾਦੀ ਦੇ ਦੁੱਖਾ ਦੀ ਇਹ ਕਿਤਾਬ ਲਿਖ ਲਈ ਜੋ ਦਾਦੀ ਵਾਂਗ  ਸਦਾ ਹੁਣ ਮੇਰੇ ਕੋਲ ਰਹੇਗੀ ।

ਸੁੱਖ ਸਿੰਘ ਮੱਟ

ਕਿਨੇ ਗ਼ਮਾਂ ਵਿਚ ਲੰਘੇ ਰੱਬਾ ਵੇ ਸਾਲ ਮੇਰੀ ਦਾਦੀ ਦੇ

ਕਿਹੜੇ ਲਫ਼ਜ਼ਾਂ ਵਿਚ ਲਿਖਾਂ ਮੈਂ ਉਹ  ਹਾਲ ਮੇਰੀ ਦਾਦੀ ਦੇ

ਬੁੱਢੜੀ ਦੇ ਦਰਵਾਜ਼ੇ ਤੇ ਕਿਨੇ ਦੁੱਖ ਆਣ ਖੜੇ ਸੀ

ਦੁੱਖਾ ਦੇ ਨਾਲ ਕੱਟੇ ਸਾਰੀ ਉਮਰੇ ਪਰ ਉਹਦੇ ਵੀ ਦਿਲ ਦੇ ਚਾਅ ਬੜੇ ਸੀ

ਰਾਤਾਂ ਤੋਂ ਬਾਅਦ ਵੀ ਜ਼ਿੰਦਗੀ ਵਿੱਚ ਚਾਨਣ ਕਦੇ ਹੋਇਆ ਨਾ

ਮੈਂ ਜਾਣਦਾ ਹਾਂ ਮੇਰੀ ਦਾਦੀ ਤੋਂ ਵੱਧਕੇ ਕੋਈ ਵੀ ਰੋਇਆ ਨਾ

ਨਿਸ਼ਾਨੀਆਂ ਖਾਤਿਰ ਪਾਏ ਬਾਹ ਵਿੱਚ ਪੰਜ ਮੋਤਾ ਦੇ ਪੰਜ ਕੜੇ ਸੀ

ਦੁੱਖਾ ਦੇ ਨਾਲ ਕੱਟੇ ਸਾਰੀ ਉਮਰੇ ਪਰ ਉਹਦੇ ਵੀ ਦਿਲ ਦੇ ਚਾਅ ਬੜੇ ਸੀ

ਹਾਸੇ ਗਵਾਹ ਕੇ ਖੋਰੇ ਕਿਨੇ ਵਾਰੀ ਸੇਕੀ ਅੱਗ ਮੜੀਆਂ ਦੀ

ਜ਼ਿੰਦਗੀ ਦਾ ਕੁੱਝ ਨਹੀਂ ਪਤਾ ਕਿਥੇ ਤੁਰ ਜਾਂਦੀ ਦੋ ਘੜੀਆਂ ਦੀ

ਮੇਰੇ ਪਿੰਡ ਦੇ ਸਿਵਿਆਂ ਵਿੱਚ ਦਾਦੀ ਨੇ ਕਿਨੇ ਵਾਰੀ ਪੈਰ ਧਰੇ ਸੀ

ਦੁੱਖਾ ਦੇ ਨਾਲ ਕੱਟੇ ਸਾਰੀ ਉਮਰੇ ਪਰ ਉਹਦੇ ਵੀ ਦਿਲ ਦੇ ਚਾਅ ਬੜੇ ਸੀ

ਜੀਅ ਮੇਰਾ ਹੁਣ ਲੱਗਣਾ ਨਾ ਸੰਗ ਜੁਗਨੂੰਆ ਤਿਤਲੀਆਂ ਤਾਰਿਆ ਦੇ

ਕਿਤਾਬ ਵਿਚ ਕੈਦ ਮੈਂ ਕਰਕੇ ਰੱਖ ਲਏ ਮਰਨ ਪਿੱਛੋਂ ਪਲ ਸਾਰਿਆ ਦੇ

ਦੁੱਖ ਜੋ ਦਾਦੀ ਦੇ ਸੀਨੇ ਵਿਚ ਦੱਬੇ ਸੀ ਸਭ ਸੋਚ ਮੇਰੀ ਤੋਂ ਪਰੇ ਸੀ

ਦੁੱਖਾ ਦੇ ਨਾਲ ਕੱਟੇ ਸਾਰੀ ਉਮਰੇ ਪਰ ਉਹਦੇ ਵੀ ਦਿਲ ਦੇ ਚਾਅ ਬੜੇ ਸੀ........

ਇੱਕ ਸਾਥ ਦਾਦੀ ਦਾ ਮੈਨੂੰ ਹੁਣ ਚੇਤਾ ਆਵੇ ਬੜਿਆ ਵਰਗਾ ਸੀ

ਉਹਨੇ ਗਿਆਨ ਮੈਨੂੰ ਜੋ ਦਿੱਤੇ ਚੰਗੀਆਂ ਕਿਤਾਬਾਂ ਪੜਿਆ ਵਰਗਾ ਸੀ

ਦਾਦੀ ਵੀ ਮੰਮੀ ਪਾਪਾ ਕੋਲ ਪਹੁੰਚੀ ਹੋਣੀ ਨਵੇਂ ਤਾਰੇ ਅੱਜ ਚੜੇ ਸੀ

ਦੁੱਖਾ ਦੇ ਨਾਲ ਕੱਟੇ ਸਾਰੀ ਉਮਰੇ ਪਰ ਉਹਦੇ ਵੀ ਦਿਲ ਦੇ ਚਾਅ ਬੜੇ ਸੀ

ਦੁੱਖਾ ਦੇ ਨਾਲ ਕੱਟੇ ਸਾਰੀ ਉਮਰੇ ਪਰ ਉਹਦੇ ਵੀ ਦਿਲ ਦੇ ਚਾਅ ਬੜੇ ਸੀ........

**ਮੇਰੀਆਂ ਲਿਖਤਾ**

ਸੱਚ ਦਾ ਤੁਫ਼ਾਨ

ਪਟਿਆਲਾ ਤੋਂ ਪਠਾਨਕੋਟ

ਵਾਰਤਾਲਾਪ 52 ਕਵੀ

ਰੀਝਾਂ ਸੁਫ਼ਨੇ

ਔਰਤ ਦੀ ਇੱਜ਼ਤ

ਰਾਣੋ ਦੀ ਰੱਖੜੀ

ਫਾਰਮਰ

ਦਾਦੀ ਦੀ ਬਾਤ

## ਧੰਨਵਾਦ ਜੀ

ਬਹੁਤ ਬਹੁਤ ਧੰਨਵਾਦ ਜੀ ਸਭ ਦਾ ਇਸ ਕਿਤਾਬ ਨੂੰ ਪੜ੍ਹਨ ਲਈ ਤੁਸੀਂ ਮੈਨੂੰ ਹੇਠਾਂ ਦਿਤੇ ਨੰਬਰਾਂ ਤੇ ਕਾਲ ਮਸੇਜ ਵੀ ਕਰ ਸਕਦੇ ਹੋ। ਇਸ ਕਿਤਾਬ ਬਾਰੇ ਦੱਸਣ ਲਈ ਕੀ ਤੁਹਾਨੂੰ ਕਿਵੇਂ ਲੱਗੀ ਹੈ।

**Contact**


ਲੇਖਕ ਸੁੱਖ ਸਿੰਘ ਮੱਟ

ਵਟਸਐਪ ਨੰਬਰ: 9569133888

Mob : 7889079971

Facebook: Sukh Singh Matt

Insta: Sukhsinghmatt